**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,**
**ਵਣ ਭਵਨ, ਸੈਕਟਰ-68, ਮੋਹਾਲੀ**

## ਜਨਤਕ ਸੂਚਨਾ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਜਾਰੀ ਜਨਤਕ ਸੂਚਨਾ ਮਿਤੀ 10 ਅਗਸਤ, 2021 ਮੁਤਾਬਿਕ ਇਸ਼ਤਿਹਾਰ ਨੰਬਰ 08 ਆਫ 2021 ਰਾਹੀਂ ਪ੍ਰਕਾਸ਼ਿਤ ਵਾਰਡਰ/ਮੇਟਰਨ ਦੀਆਂ ਅਸਾਮੀਆਂ ਲਈ ਲਿਖਤੀ ਪ੍ਰੀਖਿਆ multiple shifts ਵਿੱਚ **ਮਿਤੀ 27, 28 ਅਤੇ 29 ਅਗਸਤ, 2021** ਨੂੰ ਆਯੋਜਿਤ ਕੀਤੀ ਜਾ ਰਹੀ ਹੈ।

2. ਦਫਤਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੇ ਧਿਆਨ ਵਿੱਚ ਆਇਆ ਹੈ ਕਿ ਉਕਤ ਪ੍ਰਕਾਸ਼ਿਤ ਮਿਤੀਆਂ ਨੂੰ ਹੋਰ ਵਿਭਾਗਾਂ ਵੱਲੋਂ ਵੀਂ ਵੱਖ ਵੱਖ ਪ੍ਰੀਖਿਆਵਾਂ ਆਯੋਜਿਤ ਕੀਤੀਆਂ ਜਾਂ ਰਹੀਆਂ ਹਨ, ਜਿਸ ਕਰਕੇ ਵਾਰਡਰ/ਮੇਟਰਨ ਦੀ ਅਸਾਮੀਂ ਦੇ ਉਮੀਦਵਾਰਾਂ ਦੀਆਂ ਦੋਵੇਂ ਪ੍ਰੀਖਿਆਵਾਂ ਇੱਕੋਂ ਦਿਨ ਹੀ ਨਿਸ਼ਚਿਤ ਹੋ ਸਕਦੀਆਂ ਹਨ। ਇਸ ਲਈ ਇਸ ਭਰਤੀ ਪ੍ਰਕਿਰਿਆ ਵਿੱਚ ਭਾਗ ਲੈਣ ਜਾ ਰਹੇ ਸਮੂਹ ਉਮੀਦਵਾਰਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹਨਾ ਦੀ ਉਕਤ ਪ੍ਰਕਾਸ਼ਿਤ ਮਿਤੀਆਂ ਨੂੰ ਵਾਰਡਰ/ਮੇਟਰਨ ਦੀਆਂ ਅਸਾਮੀਆਂ ਲਈ ਲਿਖਤੀ ਪ੍ਰੀਖਿਆ ਤੋਂ ਇਲਾਵਾ ਕਿਸੇ ਹੋਰ ਮਹਿਕਮੇ ਦੀ ਭਰਤੀ ਦੀ ਪ੍ਰੀਖਿਆ ਹੈ ਤਾਂ ਉਹ ਇਸ ਪ੍ਰੀਖਿਆ ਦਾ ਵੇਰਵਾ ਜਿਵੇਂ ਕਿ ਪ੍ਰੀਖਿਆ ਦਾ ਨਾਂ, ਪ੍ਰੀਖਿਆ ਦੀ ਮਿਤੀ ਅਤੇ ਸਥਾਨ ਆਦਿ ਬੋਰਡ ਦੀ ਵੈਬਸਾਈਟ www.sssb.punjab.gov.in ਤੇ ਮੌਜੂਦ ਲਿੰਕ titled as **"Click here to fill your details of other examinations to be held on 27, 28 and 29 of August,2021 with regard to the written examination of Warder/Matron-Advt. No. 08/2021. Last Date to fill these details is 17 August, 2021"** ਤੇ ਦਰਜ ਕਰਨ ਤਾਂ ਜ਼ੋ ਬੋਰਡ ਵੱਲੋਂ ਅਜਿਹੇ ਉਮੀਦਵਾਰਾਂ ਦੀ ਪ੍ਰੀਖਿਆ ਉਕਤ ਮਿਤੀਆ ਅਨੁਸਾਰ ਅਡਜਸਟ(adjust) ਕੀਤੀ ਜਾ ਸਕੇ। ਮਿਤੀ **17 ਅਗਸਤ 2021** ਤੋਂ ਬਾਅਦ ਕਿਸੇ ਵੀ ਉਮੀਦਵਾਰ ਦੀ ਐਪਲੀਕੇਸ਼ਨ ਨੂੰ entertain ਨਹੀਂ ਕੀਤਾ ਜਾਵੇਗ। ਇਸ ਸਬੰਧੀ ਕਿਸੇ ਵੀ ਤਾਜਾ ਜਾਣਕਾਰੀ (Latest Update) ਸਬੰਧੀ ਉਮੀਦਵਾਰ ਸਮੇਂ ਸਮੇਂ ਤੇ ਬੋਰਡ ਦੀ ਵੈਬਸਾਈਟ ਚੈੱਕ ਕਰਦੇ ਰਹਿਣ।

ਮਿਤੀ:12.08.2021
ਸਥਾਨ:ਮੋਹਾਲੀ।

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।